**ਦਫਤਰ ਡਾਇਰੈਕਟਰ ਸਕੂਲ ਸਿੱਖਿਆ ਵਿਭਾਗ (ਐ.ਸਿ)**

**ਪੰ.ਸ.ਸਿ.ਬੋ. ਕੰਪਲੈਕਸ,ਬਲਾਕ ਈ. ਛੇਵੀ ਮੰਜਿਲ, ਸੈਕਟਰ-62 , ਸਅਸ ਨਗਰ ।**

**ਅਮਲਾ-2 ਸਾਖਾ**

**E-mail-dpiee.establishment2@punjabeducation.gov.in**

ਹੁਕਮ ਨੰ- 1007719

ਮਿਤੀ 11-06-2026

ਸ਼੍ਰੀਮਤੀ ਮਨਜੀਤ ਕੌਰ ਪੁੱਤਰੀ ਸ਼੍ਰੀ ਮੋਹਨ ਸਿੰਘ ਦੀ ਨਿਯੁਕਤੀ ਪੰਚਾਇਤੀ ਰਾਜ ਵਿਭਾਗ ਵਿੱਚ ਠੇਕੇ/ ਕੰਟਰੈਕਟ ਦੇ ਅਧਾਰ ਤੇ ਮਿਤੀ 27-10-2008 ਨੂੰ ਬਤੌਰ ਈਟੀਟੀ ਅਧਿਆਪਕ ਹੋਈ ਸੀ। ਇਸ ਉਪਰੰਤ ਪੰਚਾਇਤੀ ਰਾਜ ਵਿਭਾਗ ਵਿੱਚ ਕੰਮ ਕਰਦੇ ਅਧਿਆਪਕਾਂ ਦੀ ਸੇਵਾਵਾਂ ਸਿੱਖਿਆ ਵਿਭਾਗ, ਪੰਜਾਬ ਵਿੱਚ ਮਰਜ ਹੋਣ ਕਾਰਨ ਕਰਮਚਾਰਨ ਦੀ ਸਿੱਖਿਆ ਵਿਭਾਗ-PRI- ULB ਵਿੱਚ ਰੈਗੂਲਰ ਨਿਯੁਕਤੀ ਦੀ ਮਿਤੀ 1-04-2011 ਹੈ। ਉਹ ਇਸ ਡਿਊਟੀ ਤੇ ਮਿਤੀ 27-10-2008 ਨੂੰ ਹਾਜਰ ਹੋਈ । ਪਰੰਤੂ ਕਰਮਚਾਰਨ ਮਿਤੀ 12.04.2024 ਤੋਂ ਆਪਣੀ ਡਿਊਟੀ ਤੋਂ ਬਿਨਾ ਕੋਈ ਸੂਚਨਾ ਦਿੱਤੇ ਅਣ-ਅਧਿਕਾਰਤ ਤੌਰ ਤੇ ਗੈਰਹਾਜਰ ਹੋ ਗਈ। ਸ਼੍ਰੀਮਤੀ ਮਨਜੀਤ ਕੌਰ ਦੇ ਘਰ ਦੇ ਪਤੇ ਤੇ ਗੈਰਹਾਜ਼ਰੀ ਦਾ ਸਪੱਸ਼ਟੀਕਰਨ ਦੇਣ ਲਈ ਨੋਟਿਸ ਭੇਜਿਆ ਗਿਆ ਸੀ, ਪ੍ਰੰਤੂ ਉਹ ਰਜਿਸਟਰਡ ਪੱਤਰ ਕਿਸੇ ਨੇ ਵੀ ਰਿਸੀਵ ਨਹੀਂ ਕੀਤੇ ਅਤੇ ਪੱਤਰ ਸਪਸ ਰਾਹੋਂ (ਮੁੰਡੇ), ਅਤੇ ਬੀ.ਪੀ.ਈ.ਓ ਔੜ ਦੇ ਪਤੇ ਤੇ ਵਾਪਸ ਆ ਗਏ ਸਨ। ਜਿਸ ਕਾਰਨ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ) ਸਭਸ ਨਗਰ ਵੱਲੋਂ ਪੰਜਾਬ ਸਿਵਲ ਸੇਵਾਵਾਂ (ਸਜਾ ਤੇ ਅਪੀਲ) ਰੂਲਜ 1970 ਦੇ ਨਿਯਮ 8 ਅਨੁਸਾਰ ਅਤੇ ਨਿਯਮ 5(v ਤੋਂ ix) ਦੇ ਅੰਤਰਗਤ ਵੱਡੀਆਂ ਸਜਾਵਾਂ ਤਹਿਤ ਚਾਰਜ਼ਸੀਟ ਜਾਰੀ ਕੀਤੀ ਗਈ। ਚਾਰਜ਼ਸੀਟ ਤੇ ਵੀ ਕਰਮਚਾਰਨ ਦਾ ਕੋਈ ਜਵਾਬ ਪ੍ਰਾਪਤ ਨਹੀਂ ਹੋਇਆ ਜਿਸ ਕਾਰਨ ਤੱਥਾਂ ਦੀ ਜਾਂਚ ਕਰਨ ਲਈ ਰੈਗੂਲਰ ਪੜਤਾਲ ਮਾਰਕ ਕੀਤੀ ਗਈ। ਪੜਤਾਲੀਆ ਅਫਸਰ ਵੱਲੋ ਪੱਤਰ ਨੰਬਰ :- 186 ਮਿਤੀ 25.10.2025 ਰਾਹੀਂ ਜਾਰੀ ਪੜਤਾਲ ਰਿਪੋਰਟ ਇਸ ਦਫਤਰ ਨੂੰ ਭੇਜ ਕੇ ਸਿੱਟਾ ਕੱਢਿਆ ਹੈ ਕਿ ਸ਼੍ਰੀਮਤੀ ਮਨਜੀਤ ਕੌਰ , ਈਟੀਟੀ ਸਪਸ ਰਾਹੋਂ (ਮੁੰਡੇ) ਬਲਾਕ ਔੜ ਜ਼ਿਲ੍ਹਾ ਸਭਸ ਨਗਰ ਮਿਤੀ 12.04.2024 ਤੋ ਬਿਨਾਂ ਛੁੱਟੀ ਮੰਨਜ਼ੂਰ ਕਰਵਾਏ ਗੈਰ ਹਾਜ਼ਰ ਚੱਲ ਰਹੀ ਹੈ ਅਤੇ ਸਰਕਾਰੀ ਦਸਤਾਵੇਜਾਂ ਵਿੱਚ ਦਿੱਤੇ ਆਪਣੇ ਰਿਹਾਇਸ਼ੀ ਪਤੇ ਤੇ ਨਹੀਂ ਰਹਿੰਦੀ ਇਸ ਲਈ ਕਰਮਚਾਰਨ ਵਿਰੁੱਧ ਨਿਯਮਾਂ ਅਨੁਸਾਰ ਅਨੁਸ਼ਾਸਨੀ ਕਾਰਵਾਈ ਕਰਨੀ ਬਣਦੀ ਹੈ। ਕਰਮਚਾਰਨ ਵਿਰੁੱਧ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਕੁਦਰਤੀ ਨਿਆਂ ਦੇ ਸਿੱਧਾਂਤ ਅਨੁਸਾਰ ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ(ਐਸਿ), ਪੰਜਾਬ, ਐਸ.ਏ.ਐਸ ਨਗਰ ਵੱਲੋਂ ਕਰਮਚਾਰਨ ਨੂੰ ਮਿਤੀ 21.04.2026 ਨੂੰ 11.00 ਵਜੇ ਨਿੱਜੀ ਤੌਰ ਤੇ ਪੇਸ਼ ਹੋ ਕੇ ਆਪਣਾ ਪੱਖ ਪੇਸ਼ ਕਰਨ ਲਈ ਨਿਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ ।ਕਰਮਚਾਰਨ ਨਿਜੀ ਸੁਣਵਾਈ ਵਿੱਚ ਪੇਸ਼ ਨਹੀਂ ਹੋਈ, ਪ੍ਰੰਤੂ ਕਰਮਚਾਰਨ ਵੱਲੋਂ ਇੱਕ ਪ੍ਰਤੀ ਬੇਨਤੀ ਪ੍ਰਾਪਤ ਹੋਈ ਹੈ ਜਿਸ ਵਿੱਚ ਉਸ ਨੇ ਲਿਖਿਆ ਹੈ ਕਿ **"ਮੈਂ ਆਪਣੇ ਘਰੇਲੂ ਕਾਰਨਾਂ ਕਰਕੇ ਵਿਦੇਸ਼ ਵਿੱਚ ਰਹਿ ਰਹੀ ਹਾਂ ਅਤੇ ਵਿਦੇਸ਼ ਵਿੱਚ ਰਹਿਣ ਕਾਰਨ ਮਿਤੀ 21.04.2026 ਨੂੰ ਨਿੱਜੀ ਸੁਣਵਾਈ ਵਿੱਚ ਹਾਜ਼ਰ ਨਹੀਂ ਹੋ ਸਕਦੀ। ਅਤੇ ਆਪਣੇ ਘਰੇਲੂ ਹਲਾਤਾਂ/ਜ਼ਿੰਮੇਵਾਰੀਆਂ ਕਾਰਨ ਭਵਿੱਖ ਵਿੱਚ ਨੌਕਰੀ ਕਰਨ ਤੋਂ ਅਸਮਰੱਥ ਹਾਂ । ਕ੍ਰਿਪਾ ਕਰਕੇ ਮੇਰੇ ਗੈਰ-ਹਾਜ਼ਰੀ ਕੇਸ ,ਤੇ ਵਿਭਾਗੀ/ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇ।"**

ਉਪਰੋਕਤ ਸਥਿਤੀ / ਤੱਥਾਂ ਤੋ ਇਹ ਸਪੱਸ਼ਟ ਹੁੰਦਾ ਹੈ ਕਿ ਸ਼੍ਰੀਮਤੀ ਮਨਜੀਤ ਕੌਰ ਪੁੱਤਰੀ ਸ਼੍ਰੀ ਮੋਹਨ ਸਿੰਘ ਵਿਰੁੱਧ ਡਿਊਟੀ ਤੋਂ ਗੈਰ ਹਾਜਰੀ ਦੇ ਦੋਸ਼ ਸਿੱਧ ਹੁੰਦੇ ਹਨ ਅਤੇ ਉਸ ਦੀ ਸਰਕਾਰੀ ਸੇਵਾ ਕਰਨ ਵਿੱਚ ਕੋਈ ਦਿੱਲਚਸਪੀ ਨਹੀਂ। ਇਸ ਲਈ ਸ਼੍ਰੀਮਤੀ ਮਨਜੀਤ ਕੌਰ, ਈ.ਟੀ.ਟੀ, ਸਰਕਾਰੀ ਪ੍ਰਾਇਮਰੀ ਸਕੂਲ ਰਾਹੋਂ, ਸਭਸ ਨਗਰ ਦੀਆਂ ਸੇਵਾਵਾਂ ਗੈਰਹਾਜਰੀ ਦੀ ਮਿਤੀ-12.04.2024 ਤੋਂ ਖਤਮ ਕੀਤੀਆਂ ਜਾਦੀਆਂ ਹਨ ।

ਹਰਕੀਰਤ ਕੌਰ ਚਾਨੇ (ਪੀ.ਸੀ.ਐਸ)
ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ),
ਪੰਜਾਬ ।

ਪਿੰਠ ਅੰਕਣ ਨੰ- 1318 ਮਿਤੀ- 07-07-2026

ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ –

1. ਸਕੱਤਰ, ਸਕੂਲ ਸਿੱਖਿਆ ਵਿਭਾਗ (ਸਿਖਿਆ -7 ਸ਼ਾਖਾ), ਪੰਜਾਬ ।
2. ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਸ਼ਹੀਦ ਭਗਤ ਸਿੰਘ ਨਗਰ।
3. ਮਹਾਂਲੇਖਾਕਾਰ, ਪੰਜਾਬ, ਸੈਕਟਰ-17, ਚੰਡੀਗੜ੍ਹ
4. ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਔੜ।
5. ਸ਼੍ਰੀਮਤੀ ਮਨਜੀਤ ਕੌਰ, ਬਲਾਕ ਸਿੱਖਿਆ ਅਫਸਰ, ਔੜ ਰਾਹੀਂ ।
6. ਜਿਲ੍ਹਾ ਕੋਆਡੀਨੇਟਰ, ਐਮ.ਆਈ.ਐਸ. ਵਿੰਗ , ਸ਼ਹੀਦ ਭਗਤ ਸਿੰਘ ਨਗਰ ।
7. ਐਮ .ਆਈ . ਐਸ ਵਿੰਗ (ਹੈਡਕੁਆਰਟਰ)- ਵੈਬਸਾਈਟ ਤੇ ਅਪਲੋਡ ਕਰਨ ਲਈ
8. ਜਿਲ੍ਹਾ ਖਜਾਨਾ ਅਫਸਰ, ਸਭਸ ਨਗਰ

ਸਹਾਇਕ ਡਾਇਰੈਕਟਰ ( ਅਮਲਾ -2 )